## ਭਾਗ A

## ਬਾਲ ਵਿਕਾਸ ਅਤੇ ਸਿੱਖਿਆ ਸ਼ਾਸਤਰ (ਦੁਭਾਸ਼ੀ) (ਪ੍ਰਸ਼ਨ ਨੰ. 1 – 30)

1. 'Emotion' ਸ਼ਬਦ __________ ਭਾਸ਼ਾ ਦੇ ਸ਼ਬਦ 'Emovere' ਤੋਂ ਲਿਆ ਗਿਆ ਹੈ ।

(A) ਲਾਤੀਨੀ

(B) ਯੂਨਾਨੀ

(C) ਫਰਾਂਸੀਸੀ

(D) ਉਪਰੋਕਤ ਵਿੱਚੋਂ ਕੋਈ ਨਹੀਂ

2. ਰਾਬਰਟ ਸਟਰਨਬਰਗ ਅਨੁਸਾਰ ਸਿਰਜਣਾਤਮਕਤਾ ਲਈ ਲੋੜੀਂਦੀ ਬੁੱਧੀ ਦੀਆਂ ਕਿਹੜੀਆਂ ਤਿੰਨ ਕਿਸਮਾਂ ਦੀ ਲੋੜ ਪੈਂਦੀ ਹੈ ?

(A) ਵਿਸ਼ਲੇਸ਼ਣੀ, ਆਲੋਚਨਾਤਮਕ ਅਤੇ ਵਿਹਾਰਕ

(B) ਸੂਖਮ, ਸੰਸਲੇਸ਼ਣੀ ਅਤੇ ਵਿਸ਼ਲੇਸ਼ਣੀ

(C) ਸੰਸਲੇਸ਼ਣੀ, ਵਿਸ਼ਲੇਸ਼ਣੀ ਅਤੇ ਵਿਹਾਰਕ

(D) ਵਿਸ਼ਲੇਸ਼ਣੀ, ਨਿਰੀਖਣ ਅਤੇ ਵਿਹਾਰਕ

3. ਵੈਦਿਕ-ਕਾਲ ਦੇ ਮਹਾਨ ਵਿਦਵਾਨ ਅਸ਼ਟਵਕਰ ਨੂੰ ਕਿਹੜੀ ਅਸਮਰੱਥਤਾ ਸੀ ?

(A) ਸੁਣਨਾ
(B) ਦ੍ਰਿਸ਼ਟੀ
(C) ਔਰਥੋਪੈਡਿਕ
(D) ਉਪਰੋਕਤ ਸਾਰੇ

4. ਟਰਮਨ ਅਨੁਸਾਰ ਪ੍ਰਤਿਭਾਸ਼ਾਲੀ ਬੱਚੇ __________ ਵਿੱਚ ਬਿਹਤਰ ਹੁੰਦੇ ਹਨ ।

(A) ਸਰੀਰਕ ਵਿਕਾਸ

(B) ਸਿੱਖਿਅਕ ਪ੍ਰਾਪਤੀ

(C) ਬੁੱਧੀ

(D) ਉਪਰੋਕਤ ਸਾਰੇ

5. ਬੱਚਿਆਂ ਨੂੰ ਪੜ੍ਹਨ ਵਿੱਚ ਮੁਸ਼ਕਿਲ __________ ਕਰਕੇ ਆ ਸਕਦੀ ਹੈ ।

(A) ਦ੍ਰਿਸ਼ਟੀ-ਦੋਸ਼
(B) ਸੁਣਨ-ਦੋਸ਼
(C) ਰੁਚੀ ਦੀ ਘਾਟ
(D) ਉਪਰੋਕਤ ਸਾਰੇ

6. ਹੇਠ ਲਿਖਿਆਂ ਵਿੱਚੋਂ ਕਿਹੜੀ ਪ੍ਰੇਰਣਾ ਉਤਸ਼ਾਹਿਤ ਕਰਨ ਦੀ ਸ਼ਰਤ ***ਨਹੀਂ*** ਹੈ ?

(A) ਰੁਚੀ ਪੈਦਾ ਕਰਨਾ

(B) ਉਤਸੁਕਤਾ ਦਬਾਉਣਾ

(C) ਉਪਲੱਬਧੀ ਪ੍ਰੇਰਣਾ ਨੂੰ ਵਿਕਸਿਤ ਕਰਨਾ

(D) ਪ੍ਰੇਰਕ ਪ੍ਰਦਾਨ ਕਰਨਾ

7. ਕਿਸ ਅਨੁਸਾਰ ਵਿਅਕਤੀ ਦਾ ਵਿਕਾਸ ਉਸਦੇ ਆਪਣੇ ਸਮਾਜਿਕ ਵਾਤਾਵਰਣ ਨਾਲ ਪਰਸਪਰ ਪ੍ਰਭਾਵ ਦਾ ਨਤੀਜਾ ਹੈ ?

(A) ਫਰਾਇਡ (B) ਪਿਆਜੇ (C) ਕੋਹਲਬਰਗ (D) ਐਰਿਕਸਨ

8. ਕੋਹਲਬਰਗ ਨੇ ਨੈਤਿਕ ਵਿਕਾਸ ਨੂੰ ਵਿਅਕਤੀ ਦੀ ________ ਦੀ ਭਾਵਨਾ ਦੇ ਵਿਕਾਸ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ।

(A) ਸਮਾਨਤਾ (B) ਸੁਤੰਤਰਤਾ (C) ਨਿਆਂ (D) ਭਾਈਚਾਰਾ

9. ਪਿਆਜੇ ਅਨੁਸਾਰ ਕਿਹੜੀ ਉਮਰ ਭਾਸ਼ਾ ਦੀ ਗੈਰ-ਮੌਜੂਦਗੀ ਨਾਲ ਵਿਸ਼ੇਸ਼ ਤੌਰ ਤੇ ਸੰਬੰਧਿਤ ਹੈ ?

(A) ਜਨਮ ਤੋਂ 2 ਸਾਲ (B) 2 ਸਾਲ ਤੋਂ 7 ਸਾਲ

(C) 7 ਸਾਲ ਤੋਂ 11 ਸਾਲ (D) 12 ਸਾਲ ਤੋਂ 15 ਸਾਲ

10. ਮਾਨਸਿਕ ਉਮਰ ਦਾ ਸੰਕਲਪ ਕਿਸਨੇ ਵਿਕਸਿਤ ਕੀਤਾ ?

(A) ਬਿਨੇ (B) ਪਿਆਜੇ (C) ਗਿਲਫਰਡ (D) ਥਰਸਟਨ

11. ਹਰਲਕ ਅਨੁਸਾਰ ਪਰਿਪੱਕਤਾ ਅਤੇ ਤਜ਼ਰਬੇ ਦੇ ਨਤੀਜੇ ਵਜੋਂ ਇੱਕ ਕ੍ਰਮਬੱਧ ਅਨੁਮਾਨਯੋਗ ਸ਼ੈਲੀ ਵਿੱਚ ਵਾਪਰਨ ਵਾਲੀਆਂ ਤਬਦੀਲੀਆਂ ਦੀ ਪ੍ਰਗਤੀਸ਼ੀਲ ਲੜੀ ਨੂੰ ________ ਕਹਿੰਦੇ ਹਨ ।

(A) ਵਾਧਾ (B) ਵਿਕਾਸ

(C) ਦੋਵੇਂ (A) ਅਤੇ (B) (D) ਉਪਰੋਕਤ ਕੋਈ ਨਹੀਂ

12. ਅਜਿਹਾ ਲਗਾਤਾਰ ਹੋਣ ਵਾਲਾ ਬਦਲਾਅ, ਜਿਹੜਾ ਇੱਕ ਸ਼ੈਲੀ ਅਨੁਸਾਰ ਹੁੰਦਾ ਹੈ, ਨੂੰ ________ ਕਹਿੰਦੇ ਹਨ ।

(A) ਵਾਧਾ (B) ਪਰਿਪੱਕਤਾ

(C) ਵਿਕਾਸ (D) ਉਪਰੋਕਤ ਸਾਰੇ

13. ਵਿਕਾਸ ਦੇ ਸੇਫਲੋਕਾਡਲ ਰੁਝਾਨ (Cephalocaudal tendencies) ਸਿਧਾਂਤ ਅਨੁਸਾਰ ਬੱਚਾ ਸਭ ਤੋਂ ਪਹਿਲਾਂ ਕਿਸ ਤੇ ਨਿਯੰਤਰਣ ਪ੍ਰਾਪਤ ਕਰਦਾ ਹੈ ?

(A) ਲੱਤਾਂ (B) ਪੈਰ

(C) ਸਿਰ (D) ਉਂਗਲੀਆਂ

14. ਮਨੋਵਿਗਿਆਨਕ ਸਮਾਜਿਕ ਵਿਕਾਸ ਦਾ 'ਵਿਸ਼ਵਾਸ ਬਨਾਮ ਅਵਿਸ਼ਵਾਸ' ਪੜਾਅ ਉਮਰ ਦੇ ਕਿਸ ਦੌਰ ਦੀ ਨੁਮਾਇੰਦਗੀ ਕਰਦਾ ਹੈ ?

(A) ਜਨਮ ਤੋਂ $1\frac{1}{2}$ ਸਾਲ (B) $1\frac{1}{2}$ ਸਾਲ ਤੋਂ 3 ਸਾਲ

(C) 3 ਸਾਲ ਤੋਂ 6 ਸਾਲ (D) 6 ਸਾਲ ਤੋਂ 12 ਸਾਲ

**15.** ਪ੍ਰਤਿਭਾਸ਼ਾਲੀ ਬੱਚਿਆਂ ਦਾ ਆਮ ਗਲਤ ਨਿਦਾਨ (misdiagnosis) ਕਿਹੜਾ ਹੈ ?

(A) ਅਟੈਂਸ਼ਨ–ਡੈਫਿਸਿਟ ਹਾਈਪਰ ਐਕਟੀਵਿਟੀ ਡਿਸਆਰਡਰ

(B) ਔਬਸੈਸਿਵ ਕੰਪਲਸਿਵ ਡਿਸਆਰਡਰ

(C) ਮੂਡ ਡਿਸਆਰਡਰ

(D) ਉਪਰੋਕਤ ਸਾਰੇ

**16.** ਹੇਠ ਲਿਖਿਆਂ ਵਿਚੋਂ ਕਿਹੜਾ ਔਰਥੋਪੈਡਿਕ ਤੌਰ ਤੇ ਅਪਾਹਿਜ ਕੈਟਾਗਿਰੀ ਵਿੱਚ ***ਨਹੀਂ*** ਹੈ ?

(A) ਦਿਮਾਗੀ ਅਧਰੰਗ (B) ਅੰਨਾਪਨ

(C) ਦਿਮਾਗੀ ਸੱਟ (D) ਪੋਲੀਓ

**17.** ਜਨਸ਼ਾਲਾ ਪ੍ਰੋਗਰਾਮ ਦਾ ਮੰਤਵ ਕਿਹੜੇ ਬੱਚਿਆਂ ਅਤੇ ਲੜਕੀਆਂ ਦੀ ਸਿੱਖਿਆ ਤੇ ਜ਼ੋਰ ਦੇਣਾ ਹੈ ?

(A) ਹਾਸ਼ੀਅਗਤ ਸਮੂਹ (B) ਐਸ.ਸੀ./ਐਸ.ਟੀ.

(C) ਕੰਮਕਾਜੀ ਬੱਚੇ (D) ਉਪਰੋਕਤ ਸਾਰੇ

**18.** ADHD ਬੱਚਿਆਂ ਲਈ ____________ ਵਿਦਿਅਕ ਉਪਚਾਰ ਚਾਹੀਦਾ ਹੈ ।

(A) ਵਿਅਕਤੀਗਤ ਤਵੱਜੋ

(B) ਵਿਅਕਤੀਗਤ ਦੇਖਭਾਲ

(C) ਦੋਵੇਂ (A) ਅਤੇ (B)

(D) ਉਪਰੋਕਤ ਕੋਈ ਨਹੀਂ

**19.** 'Thought and Language' ਨਾਮਕ ਪੁਸਤਕ ਦਾ ਲੇਖਕ ਕੌਣ ਹੈ ?

(A) ਬਰੂਨਰ (B) ਗਿਲਫੋਰਡ (C) ਵਾਇਗੋਟਸਕੀ (D) ਪਿਆਜੇ

**20.** ਭੇਦਾਤਮਕ (differential) ਮਨੋਵਿਗਿਆਨ ਦਾ ਮੋਢੀ ਕਿਸ ਨੂੰ ਕਿਹਾ ਜਾਂਦਾ ਹੈ ?

(A) ਗਾਲਟਨ (B) ਬਿਨੇ (C) ਸਾਈਮਨ (D) ਪਿਆਜੇ

**21.** ਕਿਸ ਦੇ ਅਨੁਸਾਰ ਭਾਸ਼ਾ ਸੱਭ ਤੋਂ ਮਹਤਵਪੂਰਨ ਮਨੋਵਿਗਿਆਨਕ ਔਜ਼ਾਰ ਹੈ ?

(A) ਕੋਹਲਬਰਗ

(B) ਵਾਇਗੋਟਸਕੀ

(C) ਪਿਆਜੇ

(D) ਉਪਰੋਕਤ ਕੋਈ ਨਹੀਂ

**22.** ਵਾਇਗੋਟਸਕੀ ਅਨੁਸਾਰ ਇਰਾਦਤਨ (intentional) ਕਿਰਿਆ ਲਈ ਕਿਹੜੀ ਸਪੀਚ ਦਾ ਉਪਯੋਗ ਕੀਤਾ ਜਾਂਦਾ ਹੈ ?

(A) ਸਮਾਜਿਕ (B) ਈਗੋਸੈਂਟਰਿਕ

(C) ਅੰਦਰੂਨੀ (D) ਉਪਰੋਕਤ ਸਾਰੇ

23. ਹੇਠ ਲਿਖਿਆਂ ਵਿੱਚੋਂ ਕਿਹੜੇ ਸਕੂਲ ਪ੍ਰਗਤੀਸ਼ੀਲ ਸਿੱਖਿਆ ਦਾ ਸਮਰਥਨ ਕਰਦੇ ਹਨ ?

(A) ਪਬਲਿਕ ਸਕੂਲ
(B) ਆਮ ਸਕੂਲ
(C) ਫੈਕਟਰੀ ਸਕੂਲ
(D) ਲੈਬ ਸਕੂਲ

24. ਬਾਲ ਕੇਂਦਰਿਤ ਸਿੱਖਿਆ ਦਾ ਸਮਰਥਨ ਹੇਠ ਲਿਖਿਆਂ ਵਿੱਚੋਂ ਕਿਸ ਨੇ ਕੀਤਾ ?

(A) ਐਰਿਕ ਐਰਿਕਸਨ
(B) ਚਾਰਲਸ ਡਾਰਵਿਨ
(C) ਬੀ.ਐਫ. ਸਕਿਨਰ
(D) ਜੋਨ ਡਿਊਈ

25. I.Q. ਦਾ ਸੰਕਲਪ ਕਿਸਨੇ ਦਿਤਾ ?

(A) ਐਰਿਕਸਨ
(B) ਵਿਲਿਅਮ ਸਟਰਨ
(C) ਸਕਿਨਰ
(D) ਫਰਾਇਡ

26. ਹੇਠ ਲਿਖਿਆਂ ਵਿੱਚੋਂ ਕਿਹੜੀ ਸਮੂਹਿਕ ਬੁੱਧੀ ਪ੍ਰੀਖਿਆ (Intelligence Test) ***ਨਹੀਂ*** ਹੈ ?

(A) ਆਰਮੀ ਅਲਫਾ ਟੈਸਟ
(B) ਆਰਮੀ ਬੀਟਾ ਟੈਸਟ
(C) ਮਿਨੀਸੋਟਾ ਪ੍ਰੀ-ਸਕੂਲ ਸਕੇਲ
(D) ਕੁਹਲਮਨ-ਐਂਡਰਸਨ ਟੈਸਟ

27. ਕਿਸੇ ਵਿਅਕਤੀ ਦੇ I.Q. ਦਾ ਆਕਲਨ ਕਰਨ ਲਈ ਹੇਠ ਲਿਖੇ ਸੂਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ :

(A) $\frac{\text{ਵਾਸਤਵਵਿਕ ਉਮਰ}}{\text{ਮਾਨਸਿਕ ਉਮਰ}} \times 100$
(B) $\frac{\text{ਮਾਨਸਿਕ ਉਮਰ}}{100} \times \text{ਵਾਸਤਵਵਿਕ ਉਮਰ}$
(C) $\frac{\text{ਮਾਨਸਿਕ ਉਮਰ}}{\text{ਵਾਸਤਵਵਿਕ ਉਮਰ}} \times 100$
(D) $\frac{\text{ਮਾਨਸਿਕ ਉਮਰ} + \text{ਵਾਸਤਵਵਿਕ ਉਮਰ}}{100}$

28. ਗਾਰਡਨਰ ਅਨੁਸਾਰ ਸਪੇਸ਼ੀਅਲ ਬੁੱਧੀ ਦਾ ਪ੍ਰਦਰਸ਼ਨ ਕੌਣ ਕਰਦਾ ਹੈ ?

(A) ਚਿੱਤਰਕਾਰ
(B) ਗਾਇਕ
(C) ਕਵੀ
(D) ਫਿਲਾਸਫਰ

29. ਪਿਆਜੇ ਦੇ ਮਨੁੱਖੀ ਗਿਆਨਾਤਮਿਕ ਵਿਕਾਸ ਦੇ ਸਿਧਾਂਤ ਦੇ ਅਨੁਸਾਰ, ਬੱਚਿਆਂ ਦੇ ਬੌਧਿਕ ਵਿਕਾਸ ਦੇ ਕਿੰਨੇ ਪੜਾਵਾਂ ਦੀ ਸ਼ਨਾਖਤ ਕੀਤੀ ਗਈ ਹੈ ?

(A) 8
(B) 6
(C) 3
(D) 4

30. ਸਭ ਤੋਂ ਪਹਿਲੀ ਸੰਗਠਿਤ ਮੁੱਢਲੀ ਬਾਲ ਸਿਖਲਾਈ ਵਿਧੀ ਕਿਹੜੀ ਹੈ ?

(A) ਮਾਂਟੇਸ਼ਰੀ
(B) ਕਿੰਡਰਗਾਰਟਨ
(C) ਦੋਵੇਂ (A) ਅਤੇ (B)
(D) ਉਪਰੋਕਤ ਕੋਈ ਨਹੀਂ

## ਪੰਜਾਬੀ ਭਾਸ਼ਾ (ਪ੍ਰਸ਼ਨ ਨੰ. 31 – 60)

**ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਉਸ ਦੇ 31 ਤੋਂ 37 ਪ੍ਰਸ਼ਨਾ ਦੇ ਉੱਤਰ ਦਿਓ ।**

ਜਤੁ ਪਾਹਾਰਾ ਧੀਰਜੁ ਸੁਨਿਆਰੁ ।।
ਅਹਰਣਿ ਮਤਿ ਵੇਦੁ ਹਥੀਆਰੁ ।।
ਭਉ ਖਲਾ ਅਗਨਿ ਤਪ ਤਾਉ ।।
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ।।
ਘੜੀਐ ਸਬਦੁ ਸਚੀ ਟਕਸਾਲ ।।
ਜਿਨ ਕਉ ਨਦਰਿ ਕਰਮੁ ਤਿਨ ਕਾਰ ।।
ਨਾਨਕ ਨਦਰੀ ਨਦਰਿ ਨਿਹਾਲ ।।

**31.** ਹੱਥਲੀ ਪਉੜੀ ਵਿੱਚ ਪਹਿਲੀ ਪੰਗਤੀ ਤੋਂ ਅੰਤਿਮ ਪੰਗਤੀ ਵੱਲ ਜਾਂਦਿਆਂ ਪੇਸ਼ ਹੋਏ ਸਦਾਚਾਰ ਦੇ ਪੰਜ ਪੱਖਾਂ ਦਾ ਸਹੀ ਕ੍ਰਮ ਕੀ ਹੈ ?

(A) ਸੰਜਮ, ਗਿਆਨ, ਡਰ, ਪਿਆਰ, ਕਰਮ
(B) ਪਿਆਰ, ਗਿਆਨ, ਸੰਜਮ, ਡਰ, ਕਰਮ
(C) ਗਿਆਨ, ਡਰ, ਸੰਜਮ, ਕਰਮ, ਪਿਆਰ
(D) ਕਰਮ, ਪਿਆਰ, ਡਰ, ਗਿਆਨ, ਸੰਜਮ

**32.** 'ਭਉ' ਸ਼ਬਦ ਤੋਂ ਕੀ ਭਾਵ ਹੈ ?

(A) ਡਰ (B) ਹੇਠੀ (C) ਪਿਆਰ (D) ਵੈਰ

**33.** ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਭਾਵਵਾਚਕ ***ਨਹੀਂ*** ਹੈ ?

(A) ਜਤੁ (B) ਖਲਾ (C) ਧੀਰਜ (D) ਭਾਉ

**34.** 'ਅਹਰਣਿ ਮਤਿ ਵੇਦੁ ਹਥੀਆਰੁ' ਪੰਗਤੀ ਵਿੱਚ ਆਏ ਸ਼ਬਦ ਵੇਦੁ ਦਾ ਸਹੀ ਅਰਥ ਕੀ ਹੈ ?

(A) ਵੈਦਿਕ ਗ੍ਰੰਥ
(B) ਉਪਨਿਸ਼ਦ
(C) ਗਿਆਨ
(D) ਸ਼ਾਸਤਰ

**35.** ਉਪਰੋਕਤ ਰਚਨਾ ਦਾ ਰਚਨਹਾਰਾ ਕੌਣ ਹੈ ?

(A) ਸ੍ਰੀ ਗੁਰੂ ਨਾਨਕ ਦੇਵ ਜੀ
(B) ਸ੍ਰੀ ਗੁਰੂ ਅਰਜਨ ਦੇਵ ਜੀ
(C) ਸ੍ਰੀ ਗੁਰੂ ਤੇਗ ਬਹਾਦਰ ਜੀ
(D) ਸ੍ਰੀ ਗੁਰੂ ਗੋਬਿੰਦ ਸਿੰਘ ਜੀ

**36.** ਉਪਰੋਕਤ ਰਚਨਾ ਸਬੰਧਿਤ ਬਾਣੀ ਦੀ ਕਿੰਨਵੀਂ ਪਉੜੀ ਹੈ ?

(A) 24ਵੀਂ (B) 38ਵੀਂ (C) 33ਵੀਂ (D) 26ਵੀਂ

**37.** ਪਉੜੀ ਵਿੱਚ ਕਿਸ ਛੰਦ ਦੀ ਵਰਤੋਂ ਹੋਈ ਹੈ ?

(A) ਚੌਪਈ (B) ਬੈਂਤ (C) ਕੋਰੜਾ (D) ਦੋਹਰਾ

**ਹੇਠ ਲਿਖੀ ਵਾਰਤਕ ਟੁੱਕੜੀ ਨੂੰ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : (38 – 45)**

ਮੇਰੀ ਨਜ਼ਰ ਵਿੱਚ ਕਵਿਤਾ ਇੱਕ ਝੱਲ ਹੈ ਜਾਂ ਇਹ ਕਹਿ ਲਓ ਕਿ ਜਿਉਣ ਦਾ ਵੱਲ ਹੈ । ਮੁਹੱਬਤ ਦਾ ਜਨੂੰਨ ਹੈ, ਵਸਲ ਦਾ ਸਕੂਨ ਹੈ, ਵਿਛੋੜੇ ਦੀ ਕਸਕ ਹੈ ਅਤੇ ਵੈਣਾਂ ਦੀ ਵੇਦਨਾ ਹੈ ਕਵਿਤਾ । ਪੰਛੀਆਂ ਦੀ ਚਹਿਚਹਾਟ, ਤੋਤਿਆਂ ਦੀ ਟੁੱਕਣੀ ਤੇ ਡਾਰਾਂ ਦੀ ਉੱਡਣੀ ਵੀ ਕਵਿਤਾ ਹੈ । ਝੀਲਾਂ, ਝਰਨਿਆਂ ਦੇ ਝਲਾਰਾਂ ਦਾ ਜਲ ਨਾਦ ਵੀ ਕਵਿਤਾ ਹੀ ਹੈ । ਟਿਊਬਵੈਲਾਂ ਦੀ ਤੂ-ਤੂ, ਹਲਟਾਂ ਦੀ ਟਿਕ-ਟਿਕ ਤੇ ਟਿਕੀ ਰਾਤ ਵਿੱਚ ਦੂਰੋ ਖੇਤਾਂ 'ਚੋਂ ਆਉਂਦੀ ਟਰੈਕਟਰਾਂ ਦੀ ਅਵਾਜ਼ ਵਿੱਚ ਵੀ ਕਵਿਤਾ ਗੂੰਜਦੀ ਹੈ । ਜਵਾਨੀ ਤੇ ਜੁੱਸਿਆਂ ਦੀ ਫੁਰਤੀ 'ਚ ਕਵਿਤਾ ਨੱਚਦੀ ਹੈ । ਬੁਢਾਪੇ ਦੀਆਂ ਝੁਰੜੀਆਂ ਅਤੇ ਗਰੀਬਾਂ ਦੇ ਚਿਹਰਿਆਂ ਦੀ ਇਬਾਰਤ ਵੀ ਇੱਕ ਕਵਿਤਾ ਦਾ ਹੀ ਰੂਪ ਹੈ । ਢਾਰੇ, ਝੁੱਗੀਆਂ ਤੇ ਖੰਡਰਾਂ ਦੀ ਵੀ ਇੱਕ ਕਵਿਤਾ ਹੈ । ਫਸਲਾਂ, ਰੁੱਖ, ਜੰਗਲ, ਪਹਾੜ, ਮਾਰੂਥਲ, ਮੈਦਾਨ, ਪੌਣ, ਪਾਣੀ, ਚੰਨ, ਤਾਰੇ, ਸੂਰਜ, ਜੀਵ, ਬਨਸਪਤੀ, ਧਰਤ, ਅਕਾਸ਼ ਕੁੱਲ ਕਾਇਨਾਤ ਇੱਕ ਕਵਿਤਾ ਹੈ । ਕਵਿਤਾ ਦਾ ਦਾਇਰਾ ਇਸ ਤੋਂ ਵੀ ਵਿਸ਼ਾਲ ਅਤੇ ਦੀਰਘ ਹੈ । ਇਹ ਅਕੱਥ ਅਤੇ ਅਕਹਿ ਹੈ । ਦਰਅਸਲ ਇਹ ਇੱਕ ਮਹੀਨ ਨਜ਼ਰੀਆ ਹੈ ਜਿਸ ਦਾ ਸਾਰ ਅਤੇ ਪਾਰ ਮਨੁੱਖੀ ਸੋਝੀ ਤੋਂ ਅਜੇ ਵੀ ਅਛੂਤਾ ਹੈ ।

**38.** ਪੈਰ੍ਹੇ ਦਾ ਢੁੱਕਵਾਂ ਸਿਰਲੇਖ ਕੀ ਹੈ ?

(A) ਕਵਿਤਾ ਦਾ ਵਿਸ਼ਾ
(B) ਕਵਿਤਾ ਦਾ ਦਾਇਰਾ
(C) ਕਵਿਤਾ ਦਾ ਰੂਪ
(D) ਕਵਿਤਾ ਦੀ ਮਹਿਮਾ

**39.** ਪੈਰ੍ਹੇ ਵਿੱਚ ਵਰਤਿਆ ਗਿਆ ਸ਼ਬਦ ਦੀਰਘ __________ ਹੈ :

(A) ਤਤਸਮ
(B) ਤਦਭਵ
(C) ਦੇਸੀ
(D) ਵਿਦੇਸ਼ੀ

**40.** 'ਸਾਰ ਅਤੇ ਪਾਰ' ਤੋਂ ਕੀ ਭਾਵ ਹੈ ?

(A) ਅਪੂਰਨ ਗਿਆਨ

(B) ਥੋੜ੍ਹਾ-ਬਹੁਤ ਗਿਆਨ

(C) ਪੂਰਨ ਗਿਆਨ

(D) ਉਪਰੋਕਤ ਵਿੱਚੋਂ ਕੋਈ ਨਹੀਂ

41. 'ਵੈਣ' ਸ਼ਬਦ ਕਿਸ ਅਵਸਥਾ ਨਾਲ ਸਬੰਧਤ ਹੈ ?

(A) ਸੁਖਾਂਤਕ
(B) ਆਨੰਦਤਮਕ
(C) ਹਾਸੋ-ਹੀਣੀ
(D) ਦੁਖਾਂਤਕ

42. ਉਪਰੋਕਤ ਪੈਰ੍ਹੇ ਵਿੱਚ ਆਏ ਸ਼ਬਦ 'ਕਸਕ' ਦਾ ਅਰਥ ਕੀ ਹੈ ?

(A) ਚੋਭ
(B) ਖੁਸ਼ੀ
(C) ਗਮੀ
(D) ਚਿੰਤਾ

43. ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਉਰਦੂ ਭਾਸ਼ਾ ਦਾ ***ਨਹੀਂ*** ਹੈ ?

(A) ਵਸਲ
(B) ਸਕੂਨ
(C) ਮਹੀਨ
(D) ਢਾਰਾ

44. 'ਝਲਾਰ' ਕੀ ਹੈ ?

(A) ਜਮੀਨ ਵਾਹੁਣ ਦਾ ਸਾਧਨ ਹੈ
(B) ਧਰਤੀ ਵਿੱਚੋਂ ਪਾਣੀ ਕੱਢਣ ਦਾ ਸਾਧਨ ਹੈ
(C) ਸਿੰਚਾਈ ਸਹਾਇਕ ਸਾਧਨ ਹੈ
(D) ਫ਼ਸਲ ਕੱਟਣ ਲਈ ਵਰਤਿਆ ਜਾਂਦਾ ਹੈ

45. ਉਪਰੋਕਤ ਪੈਰ੍ਹਾ ਕਿਸ ਪੁਸਤਕ ਵਿੱਚੋਂ ਲਿਆ ਗਿਆ ਹੈ ?

(A) ਖੁੱਲ੍ਹੇ ਮੈਦਾਨ – ਪ੍ਰੋ. ਪੂਰਨ ਸਿੰਘ
(B) ਮੇਰਾ ਦਾਗਿਸਤਾਨ – ਰਸੂਲ ਹਮਜ਼ਾਤੋਵ
(C) ਜਿੰਦ ਭੱਠੀ ਦੇ ਦਾਣੇ – ਸਤਵਿੰਦਰ ਸਿੰਘ ਧਨੋਆ
(D) ਖੁੱਲ੍ਹੀ ਖਿੜਕੀ – ਚਰਨਜੀਤ ਭੁੱਲਰ

46. ਹੇਠ ਲਿਖਿਆਂ ਵਿੱਚੋਂ ਕਿਹੜਾ 'ਸਤਿਕਾਰਵਾਚਕ ਵਿਸਮਿਕ' ***ਨਹੀਂ*** ਹੈ ?

(A) ਆਓ ਜੀ !
(B) ਧੰਨ ਭਾਗ !
(C) ਭਲਾ ਹੋਵੇ !
(D) ਜੀ ਆਇਆ ਨੂੰ !

47. 'ਗਿਆਤ ਤੋਂ ਅਗਿਆਤ' ਦੇ ਨਿਯਮ ਉੱਪਰ ਆਧਾਰਿਤ ਵਿਆਕਰਨ ਪੜ੍ਹਾਉਣ ਦੀ ਵਿਧੀ ਕਿਹੜੀ ਹੈ ?

(A) ਨਿਗਮਨ ਵਿਧੀ
(B) ਆਗਮਨ ਵਿਧੀ
(C) ਪਾਠ ਪੁਸਤਕ ਵਿਧੀ
(D) ਸੂਤਰ ਵਿਧੀ

48. ਭਾਸ਼ਾ ਸਿੱਖਿਆ ਦਾ ਸਭ ਤੋਂ ਪਹਿਲਾ ਪੜਾਅ ਕਿਹੜਾ ਹੈ ?

(A) ਬੋਲਣਾ
(B) ਸੁਣਨਾ ਤੇ ਸਮਝਣਾ
(C) ਪੜ੍ਹਨਾ
(D) ਲਿਖਣਾ

49. ਕਵਿਤਾ ਪਾਠ ਦੇ ਉਦੇਸ਼ਾਂ ਦੀ ਪੂਰਤੀ ਲਈ ਮਿਡਲ ਪੱਧਰ ਉੱਤੇ ਕਵਿਤਾ ਪੜ੍ਹਾਉਣ ਦੀ ਕਿਸ ਵਿਧੀ ਨੂੰ ਉੱਤਮ ਮੰਨਿਆ ਜਾਂਦਾ ਹੈ ?

(A) ਪ੍ਰਸ਼ਨ-ਉੱਤਰ ਵਿਧੀ
(B) ਗੀਤ ਅਤੇ ਨਾਟ ਵਿਧੀ
(C) ਵਿਆਖਿਆ ਵਿਧੀ
(D) ਉਪਰੋਕਤ ਵਿੱਚੋਂ ਕੋਈ ਨਹੀਂ

50. ਪੰਜਾਬੀ ਭਾਸ਼ਾ ਦੀ ਸਿੱਖਿਆ ਦੇ ਸਹਾਇਕ ਸਾਧਨਾਂ ਵਿੱਚੋਂ ਲਿੰਗੁਆਫੋਨ ਕਿਸ ਸਾਧਨ ਦਾ ਸੁਧਰਿਆ ਰੂਪ ਹੈ ?

(A) ਗ੍ਰਾਮੋਫੋਨ
(B) ਐਪੀਡਾਇਆਸਕੋਪ
(C) ਫ਼ਿਲਮ ਪ੍ਰੋਜੈਕਟਰ
(D) ਓਵਰਹੈਡ ਪ੍ਰੋਜੈਕਟਰ

51. 'ਅਧਿਆਪਨ ਇੱਕ ਗੁੰਝਲਦਾਰ ਪ੍ਰਕਿਰਿਆ ਹੈ' ਇਸ ਸਬੰਧ ਵਿੱਚ ਜੈਕਸਨ ਨੇ ਇਸ ਪ੍ਰਕਿਰਿਆ ਅਧੀਨ ਅਧਿਆਪਨ ਨੂੰ ਕਿੰਨੀਆਂ ਅਵਸਥਾਵਾਂ ਵਿੱਚੋਂ ਗੁਜਰਨ ਬਾਰੇ ਕਿਹਾ ਹੈ ?

(A) 3
(B) 4
(C) 6
(D) 2

52. ਵਿਦਿਆਰਥੀਆਂ ਦੀਆਂ ਭਾਸ਼ਾ ਸਬੰਧੀ ਤਰੁੱਟੀਆਂ ਨੂੰ ਦੂਰ ਕਰਨ ਲਈ ਆਮ ਤੌਰ 'ਤੇ ਕਿਹੜੀ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ?

(A) ਵਿਅਕਤੀਗਤ ਉਪਚਾਰ ਵਿਧੀ
(B) ਸਮੂਹਿਕ ਉਪਚਾਰ ਵਿਧੀ
(C) ਗੁੱਟ ਉਪਚਾਰ ਵਿਧੀ
(D) ਉਪਰੋਕਤ ਸਾਰੇ ਹੀ

53. 'ਜੱਟ ਪਿਆਈ ਲੱਸੀ ਤੇ ਗਲ਼ ਵਿੱਚ ਪਾ ਲਈ ਰੱਸੀ' ਇਸ ਅਖਾਣ ਦੀ ਵਰਤੋਂ ਕਿਹੜੇ ਸਮੇਂ ਕੀਤੀ ਜਾਂਦੀ ਹੈ ?

(A) ਜਦੋਂ ਕੋਈ ਥੋੜ੍ਹੇ ਜਿਹੇ ਅਹਿਸਾਨ ਨੂੰ ਵਾਰ-ਵਾਰ ਜਤਾਈ ਜਾਵੇ
(B) ਜਦੋਂ ਕੋਈ ਹਰ ਕੰਮ ਧੱਕੇ ਨਾਲ ਕਰਦਾ ਹੈ
(C) ਧੋਖੇ ਨਾਲ ਮਾਰਨਾ
(D) ਖੁਆ ਪਿਆ ਕੇ ਮਤਲਬ ਕੱਢਣਾ

54. ਪੰਜਾਬੀ ਭਾਸ਼ਾ ਦੀਆਂ ਵਿਅੰਜਨ ਧੁਨੀਆਂ ਵਿੱਚੋਂ 'ਕੰਬਵਾਂ' ਵਿਅੰਜਨ ਕਿਹੜਾ ਹੈ ?

(A) ਰ (B) ੜ (C) ਫ (D) ਙ

55. ਬੁੱਲਾਂ ਦੀ ਸਥਿਤੀ ਦੀ ਦ੍ਰਿਸ਼ਟੀ ਤੋਂ ਪੰਜਾਬੀ ਸਵਰਾਂ ਨੂੰ ਕਿੰਨੇ ਵਰਗਾਂ ਵਿੱਚ ਵੰਡਿਆ ਜਾਂਦਾ ਹੈ ?

(A) 4 (B) 5 (C) 3 (D) 2

56. 'ਰਹਿਮਤ ਖੁਸ਼ ਹੈ ਕਿਉਂਕਿ ਉਹ ਜਮਾਤ ਵਿੱਚ ਪਹਿਲੇ ਨੰਬਰ 'ਤੇ ਆਇਆ ਹੈ' ਇਸ ਵਾਕ ਦੀ ਕਿਸਮ ਪਛਾਣੋ :

(A) ਸੰਯੁਕਤ ਵਾਕ (B) ਮਿਸ਼ਰਤ ਵਾਕ (C) ਸਧਾਰਨ ਵਾਕ (D) ਗੁੰਝਲਦਾਰ ਵਾਕ

57. ਸਹੀ ਮਿਲਾਨ ਕਰੋ :

| *ਸੂਚੀ I* | *ਸੂਚੀ II* |
|---|---|
| I. ਫੌਜ | 1. ਗੁਣਵਾਚਕ ਵਿਸ਼ੇਸ਼ਣ |
| II. ਸਤਲੁਜ | 2. ਇਕੱਠਵਾਚਕ ਨਾਂਵ |
| III. ਦਿਆਲੂ | 3. ਪ੍ਰਸੰਸਾਵਾਚਕ ਵਿਸਮਿਕ |
| IV. ਸ਼ਾਬਾਸ਼! | 4. ਖਾਸ ਨਾਂਵ |

| | I | II | III | IV |
|---|---|---|---|---|
| (A) | 2 | 1 | 4 | 3 |
| (B) | 2 | 4 | 1 | 3 |
| (C) | 2 | 1 | 3 | 4 |
| (D) | 2 | 3 | 1 | 4 |

58. ਤਵਰਗ ਕਿਹੜੇ ਵਿਅੰਜਨ ਹਨ ?

(A) ਦੰਤੀ (B) ਤਾਲਵੀ

(C) ਕੰਠੀ (D) ਉਲਟ ਜੀਭੀ

59. ਗੁਰਮੁਖੀ ਲਿੱਪੀ ਦੀ ਵਰਨਮਾਲਾ ਵਿਚਲੇ ਸੁਵਰ ਕਿਹੜੇ ਹਨ ?

(A) ੳ, ਅ, ਹ (B) ੳ, ਅ, ਕ (C) ੳ, ਅ, ੲ (D) ੳ, ੲ, ਸ

60. ਜਦੋਂ ਇੱਕ ਭਾਸ਼ਾ ਵਿੱਚ ਕਿਸੇ ਹੋਰ ਭਾਸ਼ਾ ਦੇ ਸ਼ਬਦਾਂ ਨੂੰ ਹੂ-ਬ-ਹੂ ਰੂਪ ਵਿੱਚ ਸ਼ਾਮਿਲ ਕਰ ਲਿਆ ਜਾਂਦਾ ਹੈ ਤਾਂ ਉਨ੍ਹਾਂ ਸ਼ਬਦਾਂ ਨੂੰ ਕੀ ਆਖਦੇ ਹਨ ?

(A) ਤਦਭਵ ਸ਼ਬਦ (B) ਤਤਸਮ ਸ਼ਬਦ

(C) ਉਤਪੰਨ ਸ਼ਬਦ (D) ਸਮਾਸੀ ਸ਼ਬਦ

## English Language (Questions No. 61 – 90)

**61.** Which of the following is ***not*** a Fundamental Principle of Language Teaching ?

(A) Practice and drill

(B) Natural order of learning

(C) Selection and gradation

(D) Summative assessment

**62.** Identify the correct statement :

(A) Transcription is a form in which a speech sound is represented.

(B) Phonetics is the study of meanings.

(C) Passive vocabulary refers to words used but not fully understood.

(D) Skimming is the technique to learn difficult words.

**63.** A textbook is ***not*** :

(A) Easy to prepare

(B) An instructional material

(C) Presentable and attractive

(D) Tightly organized

**64.** The purpose of language evaluation includes :

(A) Feedback

(B) Monitoring

(C) Programme outcome/s

(D) All of the above

**65.** The receptive language skills include :

(A) Listening and Speaking

(B) Speaking and Reading

(C) Listening and Writing

(D) Reading and Listening

**66.** The organs of speech do ***not*** include :

(A) Teeth

(B) Iris

(C) Pharynx

(D) Larynx

**67.** Which of the following statements is ***incorrect*** ?

(A) India is a linguistically diverse country.

(B) Multilingualism is a bane.

(C) Human language is dynamic.

(D) NEP supports three-language formula.

68. The biggest challenge of teaching of English language effectively is :

(A) Poor school infrastructure

(B) Lack of good instructional material

(C) Inappropriate assessment

(D) Lack of well-trained teachers

69. Multilingual classrooms are a growing phenomenon mainly because of :

(A) The rapid advancements in ICT

(B) Parental pressure to learn foreign language

(C) Increase in mobility and migration

(D) Reach of mass media

70. Which of the following is ***not*** a component of multimedia ?

(A) Graphic

(B) Object

(C) Sound

(D) Text

71. Which of the following is ***not*** associated with active listening ?

(A) Repeating

(B) Paraphrasing

(C) Reversing

(D) Reflecting

72. In a diverse classroom, the best strategy to effectively teach language is :

(A) Rewarding the best learners in the class

(B) Assigning daily practice work for home

(C) Understanding needs of learners and accordingly customizing teaching

(D) Taking learners to the language laboratory at least once a week

73. The purpose of remedial teaching is :

(A) To identify weak learners in the class or group

(B) To classify learners into various groups on the basis of ability

(C) To provide support to learners' experiencing difficulties

(D) To improve the academic record of the instructor

**Read the passage carefully and answer the questions (Q. No. 74 – 78) related to it :**

Walk around a supermarket in the U.S. or Europe and you will see some empty shelves once more. This isn't due to people panic-buying toilet paper, as they did early on in the pandemic; rather it's because supply chains are clogged at almost every stage between Asian factories and grocery stock rooms.

Supply lines are struggling as producers such as Vietnam, responsible for making everything from sneakers to coffee, are hurt by COVID restrictions. Surging virus cases and consumer demand are leading to congested ports. Shipping containers are in the wrong place. Sea freight costs are up tenfold. If goods do arrive at the destined ports, there are too few truck drivers to transport them to retailers. Shortages of workers to harvest and prepare foods are also adding to the pressure.

In some areas, issues have been compounded by elevated demand. Coffee and tea are hot commodities as many Americans continue to work remotely. Why visit Starbucks Corp. when you can still be a barista at home ? Pet food is another challenging area. Purina maker Nestle SA has already ramped up capacity. Some grocers are reporting a struggle to find enough dog treats and cat biscuits to meet the demand from all those new pandemic pets.

Retailers have been reengineering their supply chains to avoid the pinch points. Some, including Walmart Inc. and Target Corp., have been chartering their own ships. Amid a shortage of drivers, some British supermarkets are using their own trucks for deliveries that previously would have been carried out by suppliers.

But more adjustments will be needed. Stores may have to cut back on the varieties of goods to reduce complexity, meaning fewer product choices for consumers. Grocers need to plan for the worst. With the system so fragile now, what would happen with further spikes in prices, demand and panic-buying ?

In the U.S., special offers are already being reined in, and some everyday prices are beginning to rise, according to data provider IRI. Energy drinks, eggs, meat and soft drinks are all getting more expensive, IRI's Consumer Packaged Goods Inflation Tracker shows.

When prices go up, consumers tend to get proactive and change their habits. Shoppers first switch out of pricier products to cheaper ones. That means ditching big brands for more competitive private labels. Substituting meat in meals for more affordable pasta, rice or potatoes becomes a common way to save money.

**74.** The word 'compounded' means :

(A) Intensified (B) Decelerated (C) Confused (D) Weakened

**75.** Which of the following statements is correct in the context of the above passage ?

(A) Consumers tend to get lazy when prices soar.

(B) There is increased struggle to buy pandemic pets.

(C) Nestle has stepped up its capacity.

(D) The shelves of supermarkets are empty because of panic-buying.

**76.** Retailers have been reengineering their supply chains to :

(A) Improve their consumer base (B) Ease the points of congestion

(C) Hike the prices (D) Provide limited items

**77.** In the phrase, 'Stores may have to cut', there is :

(A) Modal verb (B) Pronoun (C) Adjective (D) Adverb

**78.** The most appropriate meaning of the word 'chartering' is :

(A) Building (B) Selling (C) Designing (D) Renting

79. Which of the following statements is ***incorrect*** about language ?

(A) Language is a system of symbols.

(B) It is species specific.

(C) The symbols of language are logical.

(D) It is acquired.

80. In order to learn to speak in the first language, the most basic requirement(s) is/are :

(A) Listening

(B) Reading

(C) Writing

(D) All of these

81. Linguists have identified basic components of language. Which of the following is ***not*** one of the components ?

(A) Phonology

(B) Graphology

(C) Syntax

(D) Pragmatics

82. When the place of articulation is the back of the tongue towards the soft palate, such consonants are classified as :

(A) Velars (e.g., cat, game)

(B) Glottals (e.g., hat)

(C) Dentals (e.g., thin)

(D) Bilabials (e.g., pat)

83. Which of the following statements is ***not*** correct about the Grammar Translation Method of teaching language ?

(A) Accuracy is emphasized.

(B) Grammar is taught deductively.

(C) Learners' native language is the medium of instruction.

(D) Speaking and listening are given more importance than reading or writing.

84. In the language acquisition process, the 'telegraphic-speech' :

(A) Is also known as 'babbling'.

(B) Is characterized by strings of words in phrases or sentences.

(C) Is when the child makes utterances rapidly.

(D) Occurs around six months of age.

85. Which of the following is a condition/disorder, primarily associated with difficulties in reading ?

(A) Dyslexia

(B) Visual impairment

(C) Attention deficit disorder

(D) Dysgraphia

**Read the passage carefully and answer the questions (Q. No. 86 – 90) related to it :**

Not all learning has to occur in the classroom. Ideologues of minimalism are arguing that foundational literacy and numeracy are what we need to focus on in order to improve quality. A new coinage is 'learning loss' which supposedly occurred in April and May due to the lockdown. Online teaching was mooted to compensate for this loss. Smartphones and laptops are new, but the idea that children's basic educational needs are literacy and numeracy is certainly quite obsolete. Child psychology has generated sufficient evidence to say that in its formative stages the human mind needs opportunities to observe natural phenomenon, represent it in different forms and analyse it. Village schools are in a far better position to do so than city schools.

The monsoon creates great opportunities for noticing, recording and examining nature. Egrets and other large birds are a joy to watch and sketch in their different postures. Ants come out of their subterranean homes when the rainwater floods them. Butterflies migrate in this season. There are a hundred things to observe in plants and trees.

Village teachers can bring great energy into their pedagogy by encouraging children to spend time outdoors for assigned observation. Observation and reflection are good for promoting numeracy and literacy too. In fact, mathematics is learnt best when you are excited about something and find it worth counting. The same is true of writing and reading.

But we live in a time when learning outcomes are pre-defined and their attainment needs to be clerically proved, with tests.

**86.** Which of the following is correct in the context of the above passage ?

(A) Cities offer no opportunities for learning outside the class.

(B) In formative years, opportunities to observe nature are important.

(C) Teachers in villages give outdoor assignments to students.

(D) We are using appropriate assessment tools for learning outcomes.

**87.** In the sentence 'The same is true of writing and reading', the word 'writing' is :

(A) Noun (B) Adjective (C) Verb (D) Gerund

**88.** The most appropriate meaning of the word 'ideologues' is :

(A) Supporters (B) Reformers (C) Critics (D) Educators

**89.** The word 'obsolete' means :

(A) Contemporary (B) Outdated (C) Functional (D) Essential

**90.** Which of the following statements is ***not*** intended/implied by the author ?

(A) Children must primarily be given literacy skills.

(B) Observation promotes learning.

(C) Tests are inadequate measures of learning outcomes.

(D) Children can learn a lot by examining nature.

ਜਾਂ

## ਸਮਾਜਿਕ ਸਿੱਖਿਆ/ਸਮਾਜ-ਵਿਗਿਆਨ (ਦੁਭਾਸ਼ੀ) (ਪ੍ਰਸ਼ਨ ਨੰ. 91 – 150)

**91.** ਹਿੰਦੂ ਉਤੱਰਾਅਧਿਕਾਰ ਸੋਧ ਐਕਟ 2005 ਦੇ ਅਨੁਸਾਰ ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ?

(A) ਕੇਵਲ ਪੁੱਤਰ ਹੀ ਪਰਿਵਾਰਿਕ ਸੰਪੱਤੀ ਲੈ ਸਕਦੇ ਹਨ ।

(B) ਪੁੱਤਰ ਅਤੇ ਧੀਆਂ ਪਰਿਵਾਰਿਕ ਸੰਪੱਤੀ ਦਾ ਇੱਕੋ ਜਿਹਾ ਹਿੱਸਾ ਲੈ ਸਕਦੇ ਹਨ ।

(C) ਪੁੱਤਰ/ਧੀਆਂ ਅਤੇ ਮਾਂ ਪਰਿਵਾਰਿਕ ਸੰਪੱਤੀ ਦਾ ਬਰਾਬਰ ਹਿੱਸਾ ਲੈ ਸਕਦੇ ਹਨ ।

(D) ਇਹਨਾਂ ਵਿੱਚੋਂ ਕੋਈ ਨਹੀਂ

**92.** ਸਰਵ ਉੱਚ ਅਦਾਲਤ (Supreme Court) ਦੀ ਸਥਾਪਨਾ ਕਦੋਂ ਹੋਈ ?

(A) ਅਗਸਤ 15, 1948

(B) ਅਗਸਤ 15, 1949

(C) ਜਨਵਰੀ 26, 1949

(D) ਜਨਵਰੀ 26, 1950

**93.** ਸੰਵਿਧਾਨ ਦਾ ਆਰਟੀਕਲ 22 ਅਤੇ ਅਪਰਾਧਿਕ ਕਾਨੂੰਨ ਹਰ ਗ੍ਰਿਫਤਾਰ ਕੀਤੇ ਵਿਅਕਤੀ ਨੂੰ ਹੇਠ ਲਿਖੇ ਮੌਲਿਕ ਅਧਿਕਾਰਾਂ ਦੀ ਗਾਰੰਟੀ ਦਿੰਦਾ ਹੈ :

I. ਗ੍ਰਿਫਤਾਰ ਹੋਣ ਦੇ 24 ਘੰਟਿਆਂ ਦੇ ਅੰਦਰ ਜੱਜ ਸਾਹਮਣੇ ਪੇਸ਼ ਕਰਨ ਦਾ ਅਧਿਕਾਰ ।

II. ਗ੍ਰਿਫਤਾਰ ਦੌਰਾਨ ਜਾਂ ਕੈਦ ਵਿਚ ਤਕਲੀਫ ਜਾਂ ਯਾਤਨਾ ਨਾ ਦੇਣ ਦਾ ਅਧਿਕਾਰ ।

III. ਪੁਲਿਸ ਕੈਦ ਵਿੱਚ ਕੀਤੇ ਕਬੂਲਨਾਮੇ ਨੂੰ ਦੋਸ਼ੀ ਵਿਰੁੱਧ ਸਬੂਤ ਵਜੋਂ ਨਾ ਵਰਤੇ ਜਾਣ ਦਾ ਅਧਿਕਾਰ ।

IV. 15 ਸਾਲ ਤੋਂ ਘੱਟ ਉਮਰ ਦਾ ਲੜਕਾ ਅਤੇ ਔਰਤਾਂ ਨੂੰ ਕੇਵਲ ਪੁੱਛਗਿਛ ਲਈ ਪੁਲਿਸ ਸਟੇਸ਼ਨ ਨਾ ਬੁਲਾਏ ਜਾਣ ਦਾ ਅਧਿਕਾਰ ।

ਇਹਨਾਂ ਵਿੱਚੋਂ ਕਿਹੜਾ ਸਹੀ ਹੈ ?

(A) I ਅਤੇ III

(B) II ਅਤੇ IV

(C) I, III ਅਤੇ IV

(D) ਉਪਰੋਕਤ ਸਾਰੇ

**94.** ਪਹਿਲਾਂ ਮੁਗਲ ਸਮਰਾਟ ਕੌਣ ਸੀ ?

(A) ਇਬਰਾਹੀਮ ਲੋਧੀ

(B) ਬਾਬਰ

(C) ਔਰੰਗਜੇਬ

(D) ਬਹਾਦੁਰ ਸ਼ਾਹ ਜਫਰ

**95.** *ਅਕਬਰ ਨਾਮਾ* ਕਿਸਨੇ ਲਿਖਿਆ ?

(A) ਅਬੁਲ ਫਜ਼ਲ

(B) ਮੇਹਰੂਨਿਸਾਂ

(C) ਨੂਰ ਜਹਾਨ

(D) ਉਪਰੋਕਤ ਵਿਚੋਂ ਕੋਈ ਵੀ ਨਹੀਂ

**96.** ਫਰਾਂਸ ਨੇ ਵਿਦਿਆਰਥੀਆਂ ਨੂੰ ਕੋਈ ਵੀ ਧਾਰਮਿਕ ਜਾਂ ਰਾਜਨੀਤਿਕ ਸਬੂਤ ਜਾਂ ਚਿੰਨ੍ਹ ਪਾਉਣ ਤੋਂ ਪਾਬੰਦੀ ਵਾਲਾ ਕਾਨੂੰਨ ਕਦੋਂ ਪਾਸ ਕੀਤਾ ?

(A) ਫਰਵਰੀ, 2005

(B) ਫਰਵਰੀ, 2006

(C) ਫਰਵਰੀ, 2004

(D) ਫਰਵਰੀ, 2007

**97.** ਪੂਰਬੀ ਘਾਟ ਵਿੱਚ ਸਭ ਤੋਂ ਉੱਚੀ ਚੋਟੀ ਕਿਹੜੀ ਹੈ ?

(A) ਅਨਾਈ ਮੁੜੀ
(B) ਕੰਚਨਜੰਗਾ
(C) ਮਹਿੰਦਰਾਗਿਰੀ
(D) ਖਾਸੀ

**98.** ਸੰਸਾਰ ਦੀ ਸਭ ਤੋਂ ਵੱਡੀ ਜਲ ਨਿਕਾਸੀ ਘਾਟੀ (drainage basin) ਕਿਸਦੀ ਹੈ ?

(A) ਐਮਾਜ਼ੋਨ ਨਦੀ

(B) ਹਿਮਾਲਿਆ ਨਦੀ

(C) ਪ੍ਰਾਇਦੀਪ ਨਦੀ

(D) (B) ਅਤੇ (C) ਦੋਨੋਂ

**99.** ਸਿੰਧੂ ਜਲ ਸਮਝੌਤਾ (1960) ਦੇ ਨਿਯਮਾਂ ਅਨੁਸਾਰ, ਭਾਰਤ ਸਿੰਧੂ ਨਦੀ ਵਿਵਸਥਾ ਦੇ ਕੁੱਲ ਪਾਣੀ ਦਾ ________ ਭਾਗ ਹੀ ਪ੍ਰਯੋਗ ਕਰ ਸਕਦਾ ਹੈ ।

(A) ਸਿਰਫ 10%

(B) ਸਿਰਫ 20%

(C) ਸਿਰਫ 30%

(D) 70% ਤੋਂ ਵੀ ਜ਼ਿਆਦਾ

**100.** ਭਾਰਤ ਵਿੱਚ ਜੰਗਲੀ ਜੀਵਨ ਸੁੱਰਖਿਆ ਅਧਿਨਿਯਮ ________ ਵਿੱਚ ਲਾਗੂ ਹੋਇਆ ।

(A) 1968
(B) 1970
(C) 1972
(D) 1974

**101.** ਉਸ ਭੂ-ਭਾਗ ਨੂੰ ਕੀ ਕਹਿੰਦੇ ਹਨ ਜੋ ਤਿੰਨ ਪਾਸਿਆਂ ਤੋਂ ਸਮੁੰਦਰ ਨਾਲ ਘਿਰਿਆ ਹੁੰਦਾ ਹੈ ?

(A) ਸਮੁੰਦਰ ਤੱਟ
(B) ਪ੍ਰਾਇਦੀਪ
(C) ਟਾਪੂ
(D) ਮੈਦਾਨ

**102.** ਡੈਕਨ ਪਠਾਰ ਵਿੱਚ ਤਿਕੋਣਾ ਭੂ-ਭਾਗ ਹੈ ਜੋ ________ ਨਦੀ ਦੇ ਦੱਖਣ ਵਿੱਚ ਹੈ ।

(A) ਨਰਮਦਾ
(B) ਯਮੁਨਾ
(C) ਗੰਗਾ
(D) ਰਾਵੀ

**103.** ਸਾਊਥ ਏਸ਼ੀਅਨ ਐਸੋਸੀਏਸ਼ਨ ਆੱਫ ਰੀਜ਼ਨਲ ਕੋ-ਆਪਰੇਸ਼ਨ (SAARC) ________ ਵਿੱਚ ਬਣੀ ।

(A) 1983
(B) 1984
(C) 1985
(D) 1986

**104.** ''ਮੈਨੂੰ ਦੱਸੋ ਅਤੇ ਮੈਂ ਭੁੱਲ ਜਾਵਾਂਗਾ, ਮੈਨੂੰ ਦਿਖਾਓ, ਮੈਂ ਯਾਦ ਕਰਾਂਗਾ, ਮੈਨੂੰ ਸ਼ਾਮਿਲ ਕਰੋ, ਮੈਂ ਸਮਝ ਜਾਵਾਂਗਾ ।'' ਇਹ ਕਥਨ ਸਮਾਜਿਕ ਵਿਗਿਆਨ ਦੀ ਕਿਸ ਪਹੁੰਚ ਨਾਲ ਸੰਬੰਧਿਤ ਹੈ ?

(A) ਰਚਨਾਤਮਕ ਪਹੁੰਚ (Constructive approach)
(B) ਆਈ.ਸੀ.ਟੀ. ਆਧਾਰਿਤ ਪਹੁੰਚ
(C) ਸਹਿਕਾਰਤਾ-ਆਧਾਰਿਤ ਸਿੱਖਣ ਦੀ ਪਹੁੰਚ (Co-operative learning approach)
(D) ਅਨੁਭਵੀ ਪਹੁੰਚ (Experiential approach)

**105.** ਇਨਕੁਆਰੀ ਟਰੇਨਿੰਗ (Inquiry training) ਮਾਡਲ ਕਿਸਨੇ ਵਿਕਸਿਤ ਕੀਤਾ ?

(A) ਰਿਚਰਡ ਸਚਮੈਨ (1962)
(B) ਜੀਰੋਮ ਬਰੂਨਰ (1979)
(C) ਜਾਇਸ ਐਂਡ ਵੇਲ (1996)
(D) ਡੇਵਿਡ, ਪੀ. (1965)

**106.** ਅਨੀਮੋਮੀਟਰ ਨਾਮਕ ਯੰਤਰ ________ ਨੂੰ ਮਾਪਣ ਦੇ ਕੰਮ ਆਉਂਦਾ ਹੈ ।

(A) ਵਾਯੂਮੰਡਲ ਦਬਾਅ
(B) ਹਵਾ ਦਾ ਤਾਪਮਾਨ
(C) ਹਵਾ ਦੀ ਦਿਸ਼ਾ
(D) ਹਵਾ ਦੀ ਗਤੀ

**107.** ਇੰਡੀਅਨ ਨੈਸ਼ਨਲ ਕਾਂਗਰਸ ਦੀ ਪ੍ਰਧਾਨ ਬਣਨ ਵਾਲੀ ਪਹਿਲੀ ਭਾਰਤੀ ਮਹਿਲਾ ਦਾ ਨਾਮ ਦੱਸੋ :

(A) ਸਰੋਜਿਨੀ ਨਾਇਡੂ
(B) ਦਮਯੰਤੀ
(C) ਤਾਰਾਬਾਈ ਸ਼ਿੰਦੇ
(D) ਪੰਡਿਤਾ ਰਾਮਾਬਾਈ

**108.** ਪਲਕ ਸਟ੍ਰੇਟ ਇਨ੍ਹਾਂ ਦੋ ਦੇਸ਼ਾਂ ਦੇ ਵਿਚਕਾਰ ਹੈ :

(A) ਭਾਰਤ ਤੇ ਸ੍ਰੀ ਲੰਕਾ
(B) ਸ੍ਰੀ ਲੰਕਾ ਤੇ ਮਾਲਦੀਵਜ
(C) ਭਾਰਤ ਤੇ ਮਾਲਦੀਵਜ
(D) ਭਾਰਤ ਤੇ ਚੀਨ

**109.** 1853 ਵਿੱਚ, ਬੰਬਈ ਤੋਂ ਥਾਨਾ ਤੱਕ ਪਹਿਲੇ ਰੇਲਵੇ ਟ੍ਰੈਕ ਦਾ ________ ਦੁਆਰਾ ਨਿਰਮਾਣ ਕੀਤਾ ਗਿਆ ।

(A) ਲਾਰਡ ਡਲਹੌਜ਼ੀ
(B) ਲਾਰਡ ਬੈਂਟਲੇ
(C) ਲਾਰਡ ਮੈਕਾਲੇ
(D) ਸੇਂਟ ਜਾਰਜ

**110.** ਹੇਠ ਲਿਖਿਆ ਦਾ ਸਹੀ ਮਿਲਾਨ ਕਰੋ :

| | | | |
|---|---|---|---|
| I. | ਵਿਲੀਅਮ ਜੋਨਸ | 1. | ਅੰਗਰੇਜੀ ਸਿੱਖਿਆ ਦੀ ਉੱਨਤੀ |
| II. | ਰਬਿੰਦਰਨਾਥ ਟੈਗੋਰ | 2. | ਪ੍ਰਾਚੀਨ ਸੱਭਿਆਚਾਰ ਲਈ ਆਦਰ |
| III. | ਥਾਮਸ ਮੈਕਾਲੇ | 3. | ਗੁਰੂ |
| IV. | ਮਹਾਤਮਾ ਗਾਂਧੀ | 4. | ਕੁਦਰਤੀ ਵਾਤਾਵਰਨ ਵਿੱਚ ਸਿੱਖਣਾ |
| V. | ਪਾਠਸ਼ਾਲਾ | 5. | ਅੰਗਰੇਜੀ ਸਿੱਖਿਆ ਦਾ ਆਲੋਚਕ |

| | I | II | III | IV | V |
|---|---|---|---|---|---|
| (A) | 2 | 4 | 1 | 5 | 3 |
| (B) | 3 | 2 | 1 | 4 | 5 |
| (C) | 2 | 1 | 3 | 5 | 4 |
| (D) | 1 | 5 | 4 | 3 | 2 |

**111.** ਸਤੀ ਪ੍ਰਥਾ ਤੇ ਪਾਬੰਦੀ ਕਦੋਂ ਲੱਗੀ ?

(A) 1856 (B) 1859

(C) 1839 (D) 1829

**112.** ਨਕਸ਼ੇ ਬਨਾਉਣ ਵਾਲੇ ਵਿਅਕਤੀ ਨੂੰ ਕੀ ਕਿਹਾ ਜਾਂਦਾ ਹੈ ?

(A) ਕਾਰਟੋਗ੍ਰਾਫ਼ਰ (B) ਸਿਨੇਮਾਟੋਗ੍ਰਾਫ਼ਰ

(C) ਬਿਬਲੀਓਗ੍ਰਾਫ਼ਰ (D) ਹੈਜੀਓਗ੍ਰਾਫ਼ਰ

**113.** ਉਹ ਸਥਾਨ ਜਿੱਥੇ ਦਸਤਾਵੇਜ਼ ਤੇ ਹਸਤਲਿਖਿਤਾਂ ਰੱਖੇ ਜਾਂਦੇ ਹਨ :

(A) ਸਟੋਰ/ਗੋਦਾਮ (B) ਰਿਕਾਰਡ ਰੂਮ

(C) ਅਭਿਲੇਖਾਗਾਰ (D) ਲਾਇਬਰੇਰੀ

**114.** ਭਾਰਤ ਵਿੱਚ ਪਹਿਲੀ ਸੂਤੀ ਕੱਪੜਾ ਮਿਲ ਕਦੋਂ ਅਤੇ ਕਿਥੇ ਕਤਾਈ ਮਿੱਲ ਵਜੋਂ ਸਥਾਪਿਤ ਹੋਈ ?

(A) ਬੰਬਈ ਵਿਖੇ 1855 ਵਿੱਚ (B) ਬੰਬਈ ਵਿਖੇ 1854 ਵਿੱਚ

(C) ਦਿੱਲੀ ਵਿਖੇ 1854 ਵਿੱਚ (D) ਦਿੱਲੀ ਵਿਖੇ 1855 ਵਿੱਚ

**115.** ਟਾਟਾ ਆਇਰਨ ਅਤੇ ਸਟੀਲ ਕੰਪਨੀ (TISCO) ਨੇ ____________ ਵਿੱਚ ਸਟੀਲ ਉਤਪਾਦਨ ਸ਼ੁਰੂ ਕੀਤਾ ।

(A) 1910 (B) 1911

(C) 1912 (D) 1913

116. ਖ਼ਿਲਾਫ਼ਤ ਕਮੇਟੀ ਬੰਬਈ ਵਿੱਚ __________ ਵਿੱਚ ਬਣਾਈ ਗਈ ।

(A) ਮਾਰਚ, 1922
(B) ਮਾਰਚ, 1921
(C) ਮਾਰਚ, 1920
(D) ਮਾਰਚ, 1919

117. ਇੰਡੀਅਨ ਚੈਂਬਰਸ ਆਫ ਕਾਮਰਸ ਅਤੇ ਇੰਡਸਟਰੀ ਸੰਘ __________ ਵਿੱਚ ਬਣਿਆ ।

(A) 1925
(B) 1930
(C) 1927
(D) 1932

118. ਮਾਰਵਾੜੀ ਵਪਾਰੀ, ਸੇਠ ਹੁਕਮਚੰਦ ਨੇ 1917 ਵਿੱਚ ਕਲਕੱਤਾ ਵਿੱਚ ਪਹਿਲੀ ਭਾਰਤੀ __________ ਮਿੱਲ ਸਥਾਪਿਤ ਕੀਤੀ ।

(A) ਸੂਤ
(B) ਪਟਸਨ (ਜਿਊਟ)
(C) ਰਬੜ
(D) ਰੇਸ਼ਾ (ਫ਼ਾਈਬਰ)

119. ਕਿਹੜੇ ਗ੍ਰਹਿ ਨੂੰ 'ਧਰਤੀ ਦਾ ਜੁੜਵਾਂ' ਕਿਹਾ ਜਾਂਦਾ ਹੈ ?

(A) ਵੀਨਸ
(B) ਮਰਕਰੀ (ਬੁੱਧ ਗ੍ਰਹਿ)
(C) ਮਾਰਸ (ਮਗਲ ਗ੍ਰਹਿ)
(D) ਜੂਪੀਟਰ

120. ਕ੍ਰਿਸਮਿਸ __________ ਵਿੱਚ ਗਰਮੀਆਂ ਵਿੱਚ ਮਨਾਇਆ ਜਾਂਦਾ ਹੈ ।

(A) ਜਾਪਾਨ
(B) ਭਾਰਤ
(C) ਆਸਟਰੇਲੀਆ
(D) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

121. ਕਿਹੜੇ ਸਥਾਨ ਵਿੱਚ ਸੰਸਾਰ ਦਾ ਸਭ ਤੋਂ ਵੱਧ ਗਰਮ ਮਾਰੂਥਲ ਸਹਾਰਾ ਮਾਰੂਥਲ ਸਥਿਤ ਹੈ ?

(A) ਅਫਰੀਕਾ
(B) ਯੂ.ਐਸ.ਏ.
(C) ਭਾਰਤ
(D) ਚੀਨ

122. ਬਹਾਦੁਰ ਸ਼ਾਹ ਜਫ਼ਰ ਦੀ ਮੌਤ ਰੰਗੂਨ ਜੇਲ੍ਹ ਵਿੱਚ ਨਵੰਬਰ __________ ਵਿੱਚ ਹੋਈ ।

(A) 1860
(B) 1861
(C) 1862
(D) 1863

123. 'ਦੀ ਹਿਸਟਰੀ ਆਫ ਦੀ ਲਾਸ ਆਫ ਵੀਅਤਨਾਮ' ਕਿਤਾਬ ਕਿਸ ਦੁਆਰਾ ਲਿਖੀ ਗਈ ਹੈ ?

(A) ਫੈਨ ਬੋਈ ਚਾਊ
(B) ਫੈਨ ਚੂ ਤਰਿੰਨਹ
(C) ਲਿਯਾਂਗ ਕਿਚਾਓ
(D) ਹੋ ਚੀਅ ਮਿਨਹ

124. ਬੰਗਾਲ ਟਾਈਗਰ ___________ ਵਿੱਚ ਪਾਇਆ ਜਾਂਦਾ ਹੈ ।

(A) ਪਰਬਤ
(B) ਡੈਲਟਾ ਖੇਤਰ
(C) ਗੰਗਾ ਘਾਟੀ
(D) ਐਮਾਜ਼ੋਨ

125. ਮੈਰੀਨੋ (Merino) ਕਿਸਦੀ ਪ੍ਰਜਾਤੀ ਹੈ ?

(A) ਮੱਛੀ
(B) ਹਾਥੀ
(C) ਭੇਡ
(D) ਬੱਕਰੀ

126. ਪੰਜਾਬ ਵਿੱਚ ਭੂਮੀ ਪਤਨ ਦਾ ਮੁੱਖ ਕਾਰਨ ਹੇਠ ਲਿਖਿਆਂ ਵਿਚੋਂ ਕੀ ਹੈ ?

(A) ਡੂੰਘੀ ਖੇਤੀ
(B) ਜੰਗਲਾਂ ਦੀ ਕਟਾਈ
(C) ਜਿਆਦਾ ਸਿੰਚਾਈ
(D) ਜਿਆਦਾ ਚਾਰੇ ਕਰਕੇ

127. ___________ ਦੇਸ਼ ਨੂੰ ਲਗਭਗ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ ।

(A) ਮਕਰ ਰੇਖਾ
(B) ਕਰਕ ਰੇਖਾ (23° 30′N)
(C) (A) ਅਤੇ (B) ਦੋਨੋਂ
(D) ਨਾ (A), ਨਾ ਹੀ (B)

128. ਅਰਬ ਸਾਗਰ ਵਿਚਲੇ ਟਾਪੂਆਂ ਦੇ ਸਮੂਹ ਦਾ ਕੀ ਨਾਮ ਹੈ ?

(A) ਲਕਸ਼ਦ੍ਵੀਪ
(B) ਅੰਡਮਾਨ ਅਤੇ ਨਿਕੋਬਾਰ ਟਾਪੂ
(C) ਨੀਲ ਟਾਪੂ
(D) ਸਵਰਾਜਦ੍ਵੀਪ

129. ਭਾਰਤ ਵਿੱਚ ਸਭ ਤੋਂ ਵੱਡੀ ਖਾਰੀ ਜਲ ਝੀਲ ਚਿਲਿਕਾ ਝੀਲ (Chilika Lake) ਹੈ ਜੋ ___________ ਰਾਜ ਵਿੱਚ ਹੈ ।

(A) ਆਸਾਮ
(B) ਹਿਮਾਚਲ ਪ੍ਰਦੇਸ਼
(C) ਜੰਮੂ ਅਤੇ ਕਸ਼ਮੀਰ
(D) ਉੜੀਸਾ

130. ਮਸ਼ਰੂਮ ਚੱਟਾਨਾ ___________ ਵਿੱਚ ਪਾਈਆਂ ਜਾਂਦੀਆਂ ਹਨ ।

(A) ਨਦੀ ਘਾਟੀਆਂ
(B) ਮਾਰੂਥਲ
(C) ਹਿਮਨਦੀਆਂ
(D) ਉਪਰੋਕਤ ਸਾਰੇ

131. 22 ਮਾਰਚ ___________ ਦਿਵਸ ਵਜੋਂ ਮਨਾਇਆ ਜਾਂਦਾ ਹੈ ।

(A) ਵਿਸ਼ਵ ਜਲ ਦਿਵਸ
(B) ਵਿਸ਼ਵ ਜੰਗਲਾਤ ਦਿਵਸ
(C) ਵਿਸ਼ਵ ਸਾਖਰਤਾ ਦਿਵਸ
(D) ਵਿਸ਼ਵ ਏਡਜ਼ ਦਿਵਸ

132. __________ ਸੰਸਾਰ ਵਿੱਚ ਸਭ ਤੋਂ ਵੱਡਾ ਅਬਰਕ ਉਤਪਾਦਕ ਤੇ ਨਿਰਯਾਤਕ ਹੈ ।

(A) ਚੀਨ
(B) ਭਾਰਤ
(C) ਜਾਪਾਨ
(D) ਯੂ.ਐਸ.ਏ.

133. ਭਾਰਤ ਸਰਕਾਰ ਨੇ ਮਨੁੱਖੀ ਸੰਸਾਧਨ ਵਿਕਾਸ ਮੰਤਰਾਲਾ ਕਦੋਂ ਬਣਾਇਆ ?

(A) 1985
(B) 1986
(C) 1987
(D) 1983

134. ਹੇਠ ਲਿਖਿਆਂ ਵਿੱਚ ਕਿਹੜਾ 'ਜਾਪਾਨ ਦੇ ਮਾਨਚੈਸਟਰ' ਵਜੋਂ ਵੀ ਜਾਣਿਆ ਜਾਂਦਾ ਹੈ ?

(A) ਟੋਕੀਓ
(B) ਓਸਾਕਾ
(C) ਹੀਰੋਸ਼ੀਮਾ
(D) ਇਹਨਾਂ ਵਿੱਚੋਂ ਕੋਈ ਵੀ ਨਹੀਂ

135. ਸਿਲੀਕਾਨ ਵਾਦੀ (Silicon Valley) __________ ਵਿੱਖੇ ਸਥਿਤ ਹੈ ।

(A) ਬੰਗਲੂਰੂ
(B) ਅਹਿਮਦਾਬਾਦ
(C) ਕੈਲੀਫੋਰਨੀਆ
(D) ਮੁੰਬਈ

136. ਜੈਵਿਕ ਸਰੋਤ :

(A) ਜੀਵਿਤ ਚੀਜ਼ਾਂ ਤੋਂ ਲਏ ਜਾਂਦੇ ਹਨ ।
(B) ਮਨੁੱਖਾਂ ਦੁਆਰਾ ਬਣਾਏ ਜਾਂਦੇ ਹਨ ।
(C) ਗੈਰ ਜੀਵਿਤ ਚੀਜ਼ਾਂ ਤੋਂ ਲਏ ਜਾਂਦੇ ਹਨ ।
(D) ਇਹਨਾਂ ਵਿੱਚੋਂ ਕੋਈ ਵੀ ਨਹੀਂ

137. ਸੰਸਾਰ ਦੀਆਂ ਸਭ ਤੋਂ ਪੁਰਾਣੀਆਂ ਚੱਟਾਨਾਂ ਕਿੱਥੇ ਹਨ ?

(A) ਪੂਰਬੀ ਏਸ਼ੀਆ
(B) ਚੀਨ
(C) ਭਾਰਤ
(D) ਪੱਛਮੀ ਆਸਟ੍ਰੇਲੀਆ

138. ਸੰਸਾਰ ਦੇ ਕਿਸ ਦੇਸ਼/ਸ਼ਹਿਰ ਵਿੱਚ ਸਭ ਤੋਂ ਪਹਿਲਾਂ ਜਲ ਸ਼ਕਤੀ ਦੁਆਰਾ ਬਿਜਲੀ ਵਿਕਸਿਤ ਕੀਤੀ ਗਈ ?

(A) ਟੋਕੀਓ
(B) ਨਾਰਵੇ
(C) ਦਿੱਲੀ
(D) ਮਦਰਾਸ

139. ਹੇਠ ਲਿਖਿਆਂ ਵਿੱਚੋਂ ਕਿਹੜਾ ਰਾਜ ਅਬਰਕ (ਮਾਈਕਾ) ਦਾ ਮੁੱਖ ਉਤਪਾਦਕ ***ਨਹੀਂ*** ਹੈ ?

(A) ਝਾਰਖੰਡ
(B) ਕਰਨਾਟਕ
(C) ਰਾਜਸਥਾਨ
(D) ਆਂਧਰਾ ਪ੍ਰਦੇਸ਼

140. ਹੇਠ ਲਿਖਿਆਂ ਵਿੱਚੋਂ ਕਿਸਨੂੰ 'ਸੁਨਿਹਰੀ ਰੇਸ਼ਾ' ਵੀ ਕਿਹਾ ਜਾਂਦਾ ਸੀ ?

(A) ਚਾਹ
(B) ਕੌਫੀ
(C) ਕਪਾਹ/ਸੂਤ
(D) ਪਟਸਨ

**141.** ਮਨੁੱਖੀ ਤਸਕਰੀ ਜਾਂ ਵਪਾਰ ਕਰਨ ਦੀ ਮਨਾਹੀ ਭਾਰਤੀ ਸੰਵਿਧਾਨ ਦੇ ਕਿਸ ਅਧਿਕਾਰ ਅਧੀਨ ਸ਼ਾਮਿਲ ਹੈ ?

(A) ਸਮਾਨਤਾ ਦਾ ਅਧਿਕਾਰ

(B) ਸ਼ੋਸ਼ਣ ਵਿਰੁੱਧ ਅਧਿਕਾਰ

(C) ਧਾਰਮਿਕ ਸੁਤੰਤਰਤਾ ਦਾ ਅਧਿਕਾਰ

(D) ਸੰਪੱਤੀ ਦਾ ਅਧਿਕਾਰ

**142.** ਸਵੈ ਸਹਾਇਤਾ ਸਮੂਹ (Self Help Group) ਵਿੱਚ ਬੱਚਤ ਅਤੇ ਕਰਜ਼ੇ ਨਾਲ ਸੰਬੰਧਿਤ ਫੈਸਲੇ ਕਿਸ ਦੁਆਰਾ ਲਏ ਜਾਂਦੇ ਹਨ ?

(A) ਬੈਂਕ ਦੁਆਰਾ

(B) ਮੈਂਬਰਾਂ ਦੁਆਰਾ

(C) ਗੈਰ ਸਰਕਾਰੀ ਸੰਸਥਾ ਦੁਆਰਾ

(D) ਇਹਨਾਂ ਵਿੱਚੋਂ ਕੋਈ ਵੀ ਨਹੀਂ

**143.** ਭਾਰਤ ਦੀ ਕੇਂਦਰੀ ਸਰਕਾਰ ਦੁਆਰਾ ICSSR ਦੀ ਸਥਾਪਨਾ ਕਦੋਂ ਕੀਤੀ ਗਈ ਅਤੇ ਇਸਦਾ ਪੂਰਾ ਨਾਮ ਦੱਸੋ :

(A) 1967, ਇੰਡੀਅਨ ਕਾਉਂਸਿਲ ਆੱਫ ਸੋਸ਼ਲ ਸੱਟਡੀਜ਼ ਰਿਸਰਚ

(B) 1969, ਇੰਡੀਅਨ ਕਾਉਂਸਿਲ ਆੱਫ ਸੋਸ਼ਲ ਸਾਇੰਸ ਰਿਸਰਚ

(C) 1969, ਇੰਡੀਅਨ ਕਾਨਫਰੰਸ ਫਾਰ ਸੋਸ਼ਲ ਸਾਇੰਸ ਰਿਸਰਚ

(D) 1969, ਇੰਡੀਅਨ ਕਾਉਂਸਿਲ ਫਾਰ ਸੋਸ਼ਲ ਸਰਵਿਸ ਰਿਸਰਚ

**144.** ਬਲੂਮ ਦੇ ਮੌਲਿਕ ਵਰਗੀਕਰਨ ਅਨੁਸਾਰ ਕਿੰਨੇ ਕਾਰਜ ਖੇਤਰ (domain) ਹਨ ?

(A) ਦੋ

(B) ਤਿੰਨ

(C) ਚਾਰ

(D) ਛੇ

**145.** ਹਿੰਦੂ ਵਿਧਵਾ ਪੁਨਰਵਿਆਹ ਕਾਨੂੰਨ ਕਦੋਂ ਪਾਸ ਹੋਇਆ ?

(A) 1852 (B) 1855

(C) 1856 (D) 1858

**146.** ਰਾਸ਼ਟਰੀ ਜਨਸੰਖਿਆ ਨੀਤੀ, 2000 ਦਾ ਢਾਂਚਾ ਪ੍ਰਦਾਨ ਕਰਦਾ ਹੈ :

I. 14 ਸਾਲ ਦੀ ਉਮਰ ਤੱਕ ਮੁਫਤ ਤੇ ਲਾਜਮੀ ਸਿੱਖਿਆ ।

II. ਬਾਲ ਮੌਤ ਦਰ 1000 ਜਨਮਾਂ ਪਿੱਛੇ 30 ਤੋਂ ਵੀ ਘੱਟ ਕਰਨੀ ।

III. ਲੜਕੀਆਂ ਦੇ ਜਲਦੀ ਵਿਆਹ ਨੂੰ ਉਤਸ਼ਾਹਿਤ ਕਰਨਾ ।

IV. ਟੀਕੇ ਨਾਲ ਰੋਕਣ ਯੋਗ ਸਾਰੀਆਂ ਬਿਮਾਰੀਆਂ ਵਿਰੁੱਧ ਬੱਚਿਆਂ ਦੀ ਸਰਵ-ਵਿਆਪਕ ਸੁੱਰਖਿਆ ਪ੍ਰਾਪਤ ਕਰਨੀ ।

ਇਹਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ?

(A) ਸਿਰਫ I
(B) II ਅਤੇ III ਦੋਨੋਂ
(C) I, II ਅਤੇ IV
(D) ਉਪਰੋਕਤ ਸਾਰੇ

**147.** ਮਰਦਮਸ਼ੁਮਾਰੀ-2001 ਦੇ ਅਨੁਸਾਰ, ਉਹ ਵਿਅਕਤੀ ਸਾਖ਼ਰ ਹੈ ਜੋ :

(A) ਆਪਣਾ ਨਾਮ ਪੜ੍ਹ ਅਤੇ ਲਿਖ ਸਕਦਾ ਹੈ
(B) ਕੋਈ ਵੀ ਭਾਸ਼ਾ ਪੜ੍ਹ ਅਤੇ ਲਿਖ ਸਕਦਾ ਹੈ
(C) 7 ਸਾਲ ਜਾਂ ਇਸ ਤੋਂ ਉਪਰ ਦਾ ਹੈ ਅਤੇ ਕੋਈ ਵੀ ਭਾਸ਼ਾ ਸਮਝ ਨਾਲ ਪੜ੍ਹ ਅਤੇ ਲਿਖ ਸਕਦਾ ਹੈ
(D) 3 'R' (ਪੜ੍ਹਨਾ, ਲਿਖਣਾ, ਅੰਕਗਣਿਤ) ਬਾਰੇ ਜਾਣਦਾ ਹੈ

**148.** ਹੇਠ ਲਿਖਿਆਂ ਵਿੱਚੋਂ ਕਿਹੜਾ ***ਗਲਤ*** ਹੈ ?

(A) ਜੇਮਜ਼ ਮਿੱਲ ਨੇ ਭਾਰਤੀ ਇਤਿਹਾਸ ਨੂੰ ਤਿੰਨ ਕਾਲਾਂ ਵਿੱਚ ਵੰਡਿਆ — ਹਿੰਦੂ, ਮੁਸਲਿਮ, ਈਸਾਈ ।
(B) ਸਰਕਾਰੀ ਦਸਤਾਵੇਜ਼ ਸਾਨੂੰ ਇਹ ਸਮਝਣ ਵਿੱਚ ਮੱਦਦ ਕਰਦੇ ਹਨ ਕਿ ਦੇਸ਼ ਦੇ ਲੋਕ ਕੀ ਸੋਚਦੇ ਹਨ ।
(C) ਬ੍ਰਿਟਿਸ਼ ਸੋਚਦੇ ਸਨ ਕਿ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਸਰਵੇਖਣ ਬਹੁਤ ਮਹੱਤਵਪੂਰਨ ਸਨ ।
(D) ਮਿੱਲ ਦਾ ਵਿਚਾਰ ਸੀ ਕਿ ਯੂਰਪ ਨਾਲੋਂ ਸਾਰੇ ਏਸ਼ੀਆਈ ਸਮਾਜਾਂ ਦਾ ਸੱਭਿਅਕ ਪੱਧਰ ਨੀਵਾਂ ਹੈ ।

**149.** ਕਿਸ ਰਾਜ ਵਿੱਚ ਨੰਦਾ ਦੇਵੀ ਬਾਇਓ-ਰਿਜ਼ਰਵ (Bio-reserve) ਸਥਿਤ ਹੈ ?

(A) ਪੰਜਾਬ
(B) ਉੜੀਸਾ
(C) ਪੱਛਮੀ ਬੰਗਾਲ
(D) ਉੱਤਰਾਖੰਡ

**150.** ਸੰਸਾਰ ਵਿੱਚ ਕਿਹੜਾ ਇੱਕੋ ਇੱਕ ਦੇਸ਼ ਹੈ ਜਿਥੇ ਸ਼ੇਰ ਅਤੇ ਚੀਤੇ ਦੋਨੋਂ ਹੁੰਦੇ ਹਨ ?

(A) ਯੂ.ਐਸ.ਏ.
(B) ਭਾਰਤ
(C) ਚੀਨ
(D) ਆਸਟ੍ਰੇਲੀਆ